## ਸਬਸਟੀਟਿਊਟ ਡਿਸੀਜ਼ਨ ਮੇਕਰ ਕੀ ਹੈ ?

ਜਦੋਂ ਤੁਸੀ ਆਪਣਾ ਫੈਸਲਾ ਆਪ ਕਰਨ ਦੇ ਕਾਬਿਲ ਨਹੀਂ ਰਹਿੰਦੇ ਅਤੇ ਕੋਈ ਹੋਰ ਤੁਹਾਡੀ ਜਗ੍ਹਾਂ ਤੇ ਫੈਸਲਾ ਕਰੇ ਤਾਂ ਉਹ ਤੁਹਾਡਾ ਸਬਸਟੀਟਿਊਟ ਡਿਸੀਜ਼ਨ ਮੇਕਰ ਹੋਵੇਗਾ ।

## ਸਬਸਟੀਟਿਊਟ ਡਿਸੀਜ਼ਨ ਮੇਕਰ ਕੌਣ ਬਣ ਸਕਦਾ ਹੈ ?

ਤੁਸੀ ਕਿਸੇ ਨੂੰ ਵੀ ਆਪਣਾ ਸਬਸਟੀਟਿਊਟ ਡਿਸੀਜ਼ਨ ਮੇਕਰ ਬਣਾ ਸਕਦੇ ਹੋ, ਜਦੋਂ ਤੱਕ ਉਹ ਤੁਹਾਡੇ ਲਈ ਫੈਸਲਾ ਕਰਨ ਦੇ ਯੋਗ ਅਤੇ ਰਜ਼ਾਮੰਦ ਹੋਵੇ । ਸਿਰਫ ਆਪਣੇ ਪਾਰਟਨਰ ਜਾਂ ਰਿਸ਼ਤੇਦਾਰਾਂ ਤੋਂ ਬਿਨ੍ਹਾਂ ਜੋ ਲੋਕ 16 ਸਾਲ ਤੋਂ ਘੱਟ ਉਮਰ, ਦਿਮਾਗੀ ਤੌਰ ਦੇ ਨਾਕਾਬਿਲ ਜਾਂ ਫਿਰ ਪੈਸੇ ਲੈ ਕੇ ਸੇਵਾ ਕਰਨ ਵਾਲਿਆ ਨੂੰ ਤੁਸੀ ਸਬਸਟੀਟਿਊਟ ਡਿਸੀਜ਼ਨ ਮੇਕਰ ਨਹੀਂ ਬਣਾ ਸਕਦੇ ।

## ਸਬਸਟੀਟਿਊਟ ਡਿਸੀਜ਼ਨ ਮੇਕਰ ਨੂੰ ਕੀ ਕਰਨ ਦੀ ਜਰੂਰਤ ਹੈ ?

ਸਬਸਟੀਟਿਊਟ ਡਿਸੀਜ਼ਨ ਮੇਕਰ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਤੁਹਾਡੇ ਲਈ ਫੈਸਲਾ ਕਰੇ ਅਤੇ ਤਸੱਲੀ ਕਰੇ ਕਿ ਤੁਹਾਡੀ ਸੰਭਾਲ ਤੁਹਾਡੇ ਪਸੰਦ ਅਨੁਸਾਰ ਹੀ ਹੋ ਰਹੀ ਹੈ, ਜਦੋਂ ਤੁਸੀ ਇਸ ਫੈਸਲਾ ਕਰਨ ਦੇ ਕਾਬਿਲ ਨਹੀ ਰਹਿੰਦੇ । ਉਸ ਨੂੰ ਤੁਹਾਡੇ ਇਲਾਜ ਤੋਂ ਪਹਿਲਾਂ ਤੁਹਾਡਾ ਡਾਕਟਰ ਵੀ ਸੰਪਰਕ ਕਰੇਗਾ । ਜੇ ਤੁਹਾਡੇ ਡਾਕਟਰ ਨੂੰ ਤੁਹਾਡੀ ਖ਼ਾਹਸ ਬਾਰੇ ਨਾ ਪਤਾ ਹੋਵੇ ਤਾਂ ਐਮਰਜੈਂਸੀ ਦੀ ਹਾਲਤ ਵਿਚ ਉਹ ਖ਼ੁਦ ਵੀ ਫੈਸਲਾ ਕਰ ਸਕਦਾ ਹੈ ।

ਸੰਸਥਾ

*a member of*

The Mississauga Halton Local Health Integrated Network

ਇਸ ਦਸਤਾਵੇਜ ਵਿਚ ਸਟਾਫ, ਮਰੀਜ਼, ਰੈਜੀਡੈਂਟ ਅਤੇ ਸਬਸਟੀਟਿਊਟ ਡਿਸੀਜ਼ਨ ਮੇਕਰ ਲਈ ਅਡਵਾਂਸ ਕੇਅਰ ਪਲੈਨਿੰਗ ਲਈ ਹਦਾਇਤਾਂ ਮੌਜੂਦ ਹਨ । ਇਸ ਵਿਚ ਸਾਰੀਆਂ ਕਾਨੂੰਨੀ ਚੋਣਾਂ ਨਹੀਂ ਦਿੱਤੀਆਂ ਗਈਆਂ ਹਨ । ਇਹ ਕਨੂੰਨੀ ਸਲਾਹ ਨਹੀਂ ਹੈ । ਇਸ ਵਿਚ ਕਨੂੰਨੀ ਭਾਸ਼ਾ ਨੂੰ ਸੌਖੇ ਸਬਦਾਂ ਵਿਚ ਵਰਤਿਆ ਗਿਆ ਹੈ ਤਾਂ ਕਿ ਇਸ ਨੂੰ ਸਮਝਣਾ ਆਸਾਨ ਹੋ ਸਕੇ ।

# ਸਬਸਟੀਟਿਊਟ ਡਿਸੀਜ਼ਨ ਮੇਕਿੰਗ ਅਤੇ ਆਪਣੀ ਸੰਭਾਲ ਲਈ ਮੁਖ਼ਤਿਆਰਨਾਮਾ

## ਹੈਲਥ ਕੇਅਰ ਵਿਚ ਸਬਸਟੀਟਿਊਟ ਡਿਸੀਜ਼ਨ ਮੇਕਰ ਚੁਣਨ ਲਈ ਇੱਕ ਗਾਈਡ



Funded by the Mississauga Halton Local Health Integrated Network

adapted from the Central-West Local Health Integrated Network Initiative

**ਜੇ ਤੁਹਾਡਾ ਕੋਈ ਸਬਸਟੀਟਿਊਟ ਡਿਸੀਜ਼ਨ ਮੇਕਰ ਨਾ ਹੋਵੇ ਤਾਂ ਕੀ ਹੋਵੇਗਾ ?**

ਇਸ ਹਾਲਤ ਵਿਚ, ਕਾਨੂੰਨ ਅਨੁਸਾਰ ਤੁਹਾਡੀ ਜਗ੍ਹਾਂ ਤੇ ਤੁਹਾਡੀ ਸੇਹਤ ਸੰਬੰਧੀ ਫੈਸਲਾ ਲੈਣ ਤੋਂ ਪਹਿਲਾਂ ਡਾਕਟਰ ਹੇਠ ਲਿਖਿਆ ਵਿੱਚੋ ਕਿਸੇ ਨੂੰ ਵੀ ਸੰਪਰਕ ਕਰ ਸਕਦੇ ਹਨ । ਜੋ ਇਸ ਤਰ੍ਹਾਂ ਹੈ :-

- ਅਦਾਲਤ ਵੱਲੋ ਨਿਯੁਕਤ ਗਾਰਡੀਅਨ (ਰਖਵਾਲਾ)
- ਨਿੱਜੀ ਸੰਭਾਲ ਲਈ ਮੁਖ਼ਤਿਆਰ
- ਕਨਸੈਟ ਅਤੇ ਕਪੈਸਿਟੀ ਬੋਰਡ ਦੁਆਰਾ ਨਿਰਧਾਰਿਤ ਵਿਅਕਤੀ
- ਤੁਹਾਡਾ ਪਤੀ / ਪਤਨੀ, ਕੌਮਨ ਲਾ ਸਪਾਊਸ ਜਾਂ ਪਾਰਟਨਰ
- ਤੁਹਾਡਾ ਬੱਚਾ (16 ਸਾਲ ਤੋਂ ਵੱਧ ਉਮਰ ਦਾ ) ਜਾਂ ਤੁਹਾਡੇ ਮਾਂ-ਬਾਪ
- ਤੁਹਾਡੇ ਮਾਤਾ ਜਾਂ ਪਿਤਾ ਜਿਸ ਕੋਲ ਤੁਹਾਨੂੰ ਮਿਲਣ ਦਾ ਅਧਿਕਾਰ ਹੈ
- ਤੁਹਾਡੀ ਭੈਣ ਜਾਂ ਭਰਾ
- ਹੋਰ ਰਿਸ਼ਤੇਦਾਰ ਜਿਸ ਨਾਲ ਤੁਹਾਡੀ ਖ਼ੂਨ ਦੀ ਸਾਂਝ ਹੋਵੇ ਜਾਂ ਵਿਆਹ ਕਰਕੇ ਜਾਂ ਗੋਦ ਲੈ ਕੇ ਬਣੇ ਰਿਸ਼ਤੇਦਾਰ
- ਪਬਲਿਕ ਗਾਰਡੀਅਨ ਅਤੇ ਟਰੱਸਟੀ ਦਾ ਦਫ਼ਤਰ

**ਨਿੱਜੀ ਸੰਭਾਲ (ਪਰਸਨਲ ਕੇਅਰ) ਲਈ ਮੁਖ਼ਤਿਆਰਨਾਮਾ ਕੀ ਹੈ ?**

ਪਰਸਨਲ ਕੇਅਰ ਲਈ ਮੁਖ਼ਤਿਆਰਨਾਮਾ ਇੱਕ ਉਹ ਦਸਤਾਵੇਜ਼ ਹੈ ਜਿਸ ਵਿੱਚ ਤੁਸੀ ਆਪਣੇ ਸਬਸਟੀਟਿਊਟ ਡਿਸੀਜ਼ਨ ਮੇਕਰ ਨੂੰ ਨਿਯੁਕਤ ਕਰਦੇ ਹੋ ਜੋ ਤੁਹਾਡੀ ਨਿੱਜੀ ਸੰਭਾਲ ਦੇ ਹਰ ਪਹਿਲੂ ਲਈ ਜ਼ਿੰਮੇਵਾਰ ਹੋਵੇਗਾ । ਜਿਸ ਵਿਚ ਆਉਂਦੇ ਹਨ ਤੁਹਾਡੀ ਸੰਭਾਲ, ਅਹਾਰ, ਸਰੀਰਕ ਸਫ਼ਾਈ, ਸੁਰੱਖਿਆ, ਕੱਪੜੇ ਅਤੇ ਰਹਿਣ ਲਈ ਜਗ੍ਹਾ ।

**ਕੀ ਨਿੱਜੀ ਸੰਭਾਲ ਲਈ ਮੁਖਤਿਆਰਨਾਮਾ ਅਤੇ ਅਡਵਾਂਸ ਕੇਅਰ ਡਾਇਰੈਕਟਿਵ / ਲਿਵਿੰਗ ਵਿਲ ਇੱਕ ਹੀ ਹਨ ?**

ਨਹੀਂ, ਇਹ ਇੱਕ ਨਹੀਂ ਹਨ । ਅਡਵਾਂਸ ਕੇਅਰ ਡਾਇਰੈਕਟਿਵ ਜਾਂ ਲਿਵਿੰਗ ਵਿਲ ਲਿਖਤੀ ਦਸਤਾਵੇਜ ਹਨ, ਜਿਸ ਵਿਚ ਤੁਸੀ ਆਪਣੇ ਭੱਵਿਖ ਵਿਚ ਸੰਭਾਲ ਦੀ ਯੋਜਨਾ ਲਈ ਇੱਛਾਵਾਂ ਨੂੰ ਬਿਆਨ ਕਰਦੇ ਹੋ । ਇਨ੍ਹਾਂ ਵਿਚ ਸਬਸਟੀਟਿਊਟ ਡਿਸੀਜ਼ਨ ਮੇਕਰ ਨਿਯੁਕਤ ਕਰਨਾ ਜਰੂਰੀ ਨਹੀਂ ਹੈ । ਜੇਕਰ ਤੁਸੀਂ ਇਸ ਦਸਤਾਵੇਜ ਵਿਚ ਕਿਸੇ ਸਬਸਟੀਟਿਊਟ ਡਿਸੀਜ਼ਨ ਮੇਕਰ ਦਾ ਨਾਂ ਲਿਖਵਾਉਂਦੇਂ ਹੋ ਅਤੇ ਉਹ ਨਿੱਜੀ ਸੰਭਾਲ ਦੇ ਮੁਖਤਿਆਰ ਬਣਨ ਦੇ ਮਿਆਰ ਤੇ ਪੂਰਾ ਉਤਰਦਾ ਹੈ ਤਾਂ ਉਸ ਨੂੰ ਹੀ ਨਿਯੁਕਤ ਕੀਤਾ ਜਾਵੇਗਾ ।

**ਕੀ ਨਿੱਜੀ ਸੰਭਾਲ ਲਈ ਇੱਕ ਤੋਂ ਵੱਧ ਅਟਰਨੀ (ਮੁਖਤਿਆਰ) ਨਿਯੁਕਤ ਕੀਤੇ ਜਾ ਸਕਦੇ ਹਨ ?**

ਤੁਸੀ ਇੱਕ ਤੋਂ ਵੱਧ ਮੁਖਤਿਆਰ ਨਿਯੁਕਤ ਕਰ ਸਕਦੇ ਹੋ ਜਾਂ ਹਰ ਜ਼ਿੰਮੇਵਾਰੀ ਲਈ ਵੱਖਰਾ ਮੁਖਤਿਆਰ ਵੀ ਹੋ ਸਕਦਾ ਹੈ । ਇੱਕ ਤੋਂ ਵੱਧ ਮੁਖਤਿਆਰ ਹੋਣ ਤੇ ਫੈਸਲਾ ਸਭ ਦੀ ਸਲਾਹ ਨਾਲ ਜਾਂ ਇਕੱਲੇ ਦੀ ਸਲਾਹ ਨਾਲ ਵੀ ਕੀਤਾ ਜਾ ਸਕਦਾ ਹੈ । ਜਿਵੇਂ ਇੱਕ ਰਹਿਣ ਦੀ ਜਗ੍ਹਾਂ ਦਾ ਫੈਸਲਾ ਕਰ ਸਕਦਾ ਹੈ ਤੇ ਦੂਸਰਾ ਤੁਹਾਡੀ ਸੰਭਾਲ ਬਾਰੇ ਫੈਸਲਾ ਲੈ ਸਕਦਾ ਹੈ । ਤੁਸੀ ਅਲਟਰਨੇਟ ਜਾਂ ਬੈਕ-ਅੱਪ ਲਈ ਵੀ ਮੁਖਤਿਆਰ ਚੁਣ ਸਕਦੇ ਹੋ ਜੋ ਉਸ ਵੇਲੇ ਸਹਾਇਕ ਹੋ ਸਕਦਾ ਹੈ ਜਦੋਂ ਪਹਿਲਾ ਨਿਯੁਕਤ ਵਿਅਕਤੀ ਤੁਹਾਡੇ ਲਈ ਫੈਸਲਾ ਕਰਨ ਦੇ ਯੋਗ ਨਾ ਹੋਵੇ ।

**ਨਿੱਜੀ ਸੰਭਾਲ ਲਈ ਮੁਖਤਿਆਰ ਕਿਸ ਤਰ੍ਹਾਂ ਨਿਯੁਕਤ ਕੀਤਾ ਜਾ ਸਕਦਾ ਹੈ ?**

ਨਿੱਜੀ ਸੰਭਾਲ ਲਈ ਮੁਖਤਿਆਰ ਦੀ ਨਿਯੁਕਤੀ ਲਿਖਤੀ ਰੂਪ ਵਿਚ ਹਸਤਾਖਰਾਂ ਸਮੇਤ ਦੋ ਗਵਾਹਾਂ ਦੀ ਹਾਜਰੀ ਵਿਚ ਕੀਤੀ ਜਾ ਸਕਦੀ ਹੈ । ਇਸ ਦਸਤਾਵੇਜ ਨੂੰ ਪੂਰਾ ਕਰਨ ਸਮੇਂ ਤੁਹਾਨੂੰ ਪੂਰਾ ਪਤਾ ਹੋਣਾ ਚਾਹੀਦਾ ਹੈ ਕਿ ਇਸ ਦਸਤਾਵੇਜ ਦਾ ਕੀ ਮਤਲਬ ਹੈ ਅਤੇ ਜਿਸ ਆਦਮੀ ਦਾ ਨਾਂ ਤੁਸੀਂ ਇਸ ਵਿਚ ਲਿਖਾਇਆ ਹੈ ਉਹ ਤੁਹਾਡੇ ਵਾਸਤੇ ਭਵਿੱਖ ਵਿਚ ਤੁਹਾਡੀ ਸੰਭਾਲ ਦਾ ਹਰ ਫੈਸਲਾ ਕਰੇਗਾ ਜਦੋਂ ਤੁਸੀਂ ਖੁਦ ਇਹ ਫੈਸਲਾ ਕਰਨ ਦੇ ਕਾਬਲ ਨਹੀ ਹੋਵੋਂਗੇ ।

**ਹੋਰ ਜਾਣਕਾਰੀ ਲਈ**

**A Guide to Advance Care Planning**
Government of Ontario

**Living Will**
U of T Joint Centre for Bioethics
www.utoronto.ca/jcb

**Let Me Decide**
D.W. Molloy, 2004

**Office of the Public Guardian and Trustee**
www.attorneygeneral.jus.gov.on.ca

**Advocacy Centre for the Elderly**
www.advocacycentreelderly.org

**Consent and Capacity Board** www.ccboard.on.ca

**Substitute Decisions Act**
www.e-laws.gov.on.ca/html/statutes/english/elaws_statutes_92s30_e.htm

**Health Care Consent Act of Ontario**
www.e-laws.gov.on.ca/html/statutes/english/elaws_statutes_96h02_e.htm